**ਪੰਜਾਬ ਸਕੂਲ ਸਿੱਖਿਆ ਬੋਰਡ**

**ਪ੍ਰਸ਼ਨ-ਪੱਤਰ ਦੀ ਰੂਪ-ਰੇਖਾ**

ਜਮਾਤ: ਅੱਠਵੀਂ — ਵਿਸ਼ਾ- ਪੰਜਾਬੀ (ਦੂਜੀ ਭਾਸ਼ਾ)

ਸਮਾਂ: ਤਿੰਨ ਘੰਟੇ

ਕੁੱਲ ਅੰਕ : 100 — ਲਿਖਤੀ ਪਰੀਖਿਆ :80 ਅੰਕ

ਸੀ.ਸੀ.ਈ. 20 ਅੰਕ

| | | | |
|---|---|---|---|
| ਪ੍ਰਸ਼ਨ 1 | ਪਾਠ-ਪੁਸਤਕ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿੱਚੋਂ ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 5 ਅੰਕ ਹੋਣਗੇ। | 5x1=5 | 5 |
| ਪ੍ਰਸ਼ਨ 2 | ਪ੍ਰਸ਼ਨ ਦੇ ਦੋ ਭਾਗ ਹੋਣਗੇ ਪਹਿਲੇ ਵਿੱਚ ਪਾਠ-ਪੁਸਤਕ ਵਿੱਚੋਂ ਕੋਈ ਦੋ ਕਾਵਿ-ਟੁਕੜੀਆਂ ਦੇ ਕੇ ਉਸ ਵਿੱਚ ਕਿਸੇ ਇੱਕ ਦੇ ਭਾਵ ਅਰਥ ਲਿਖਣ ਲਈ ਕਿਹਾ ਜਾਵੇਗਾ ਜਿਸ ਦੇ 4 ਅੰਕ ਹੋਣਗੇ। | 4 | 8 |
| | ਦੂਸਰੇ ਭਾਗ ਵਿੱਚ ਸੰਬੰਧਿਤ ਟੁਕੜੀਆਂ ਵਿੱਚੋਂ ਇੱਕ-ਇੱਕ ਅੰਕ ਚਾਰ ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਦੇ ਤਿੰਨ ਜਾਂ ਚਾਰ ਵਿਕਲਪ ਉੱਤਰ ਵਜੋਂ ਦਿੱਤੇ ਜਾਣਗੇ, ਉੱਤਰ ਇਹਨਾਂ ਵਿਕਲਪਾਂ ’ਚੋ ਚੁਣ ਕੇ ਲਿਖਣਾ ਹੋਵੇਗਾ। ਹਰੇਕ ਸਹੀ ਉੱਤਰ ਦਾ ਇੱਕ ਅੰਕ ਹੋਵੇਗਾ। | 4x1 | |
| ਪ੍ਰਸ਼ਨ 3 | ਪ੍ਰਸ਼ਨ ਦੇ ਦੋ ਭਾਗ ਹੋਣਗੇ ਪਹਿਲੇ ਭਾਗ ਵਿੱਚ ਪਾਠ-ਪੁਸਤਕ ਵਿਚਲੇ ਪਾਠਾਂ ਵਿੱਚੋਂ 6 ਪ੍ਰਸ਼ਨ ਪੁੱਛੇ ਜਾਣਗੇ ਅਤੇ ਪਰੀਖਿਆਰਥੀ ਵੱਲੋਂ ਉਹਨਾਂ ਵਿੱਓਂ ਕਿਸੇ 4 ਪ੍ਰਸ਼ਨਾਂ ਦੇ ਉੱਤਰ ਦੇਣੇ ਹੋਣਗੇ ਅਤੇ ਹਰੇਕ ਸਹੀ ਉੱਤਰ ਦੇ 2 ਅੰਕ ਹੋਣਗੇ। | 3x4 | 17 |
| | ਦੂਸਰੇ ਭਾਗ ਵਿੱਚ ਪਾਠ-ਪੁਸਤਕ ਵਿਚਲੇ ਪਾਠਾਂ ਵਿੱਚੋਂ (ਕਵਿਤਾ ਤੋਂ ਇਲਾਵਾ) 6 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਦੇ ਤਿੰਨ ਜਾਂ ਚਾਰ ਵਿਕਲਪ ਉੱਤਰ ਵਜੋਂ ਦਿੱਤੇ ਜਾਣਗੇ, ਕਿਸੇ ਪੰਜ ਦੇ ਉੱਤਰ ਇਹਨਾਂ ਵਿਕਲਪਾਂ ਚੋ ਚੁਣ ਕੇ ਲਿਖਣੇ ਹੋਣਗੇ ਅਤੇ ਹਰੇਕ ਸਹੀ ਉੱਤਰ ਦਾ ਇੱਕ ਅੰਕ ਹੋਵੇਗਾ। | 5x1 | |
| ਪ੍ਰਸ਼ਨ 4 | ਪਾਠ-ਪੁਸਤਕ ਵਿਚਲੇ ਪਾਠਾਂ ਤੇ ਆਧਾਰਿਤ ਚਾਰ ਖਾਲੀ-ਥਾਂਵਾਂ ਦੇ ਕੇ ਵਿਕਲਪ ਵੀ ਦਿੱਤੇ ਜਾਣਗੇ ਅਤੇ ਪਰੀਖਿਆਰਥੀ ਵੱਲੋਂ ਉਹਨਾਂ ਵਿੱਚੋਂ ਉਚਿਤ ਵਿਕਲਪ ਨੂੰ ਚੁਣ ਕੇ ਸਹੀ ਸਥਾਨ ਉੱਤੇ ਭਰਨੇ ਹੋਣਗੇ ਅਤੇ ਹਰੇਕ ਸਹੀ ਉੱਤਰ ਦਾ 1 ਅੰਕ ਹੋਵੇਗਾ। | 4x1 | 4 |
| ਪ੍ਰਸ਼ਨ 5 | ਪਾਠ-ਪੁਸਤਕ ਵਿੱਚ ਵਿਅਕਰਨ ਦੇ ਪੱਖ ਤੋਂ ਚਾਰ ਵਾਕ ਦਿੱਤੇ ਜਾਣਗੇ ਅਤੇ ਹਰੇਕ ਵਾਕ ਵਿੱਚੋਂ ਕ੍ਰਮਵਾਰ ਨਾਂਵ, ਪੜਨਾਂਵ, ਵਿਸ਼ੇਸ਼ਣ ਅਤ ਕਿਰਿਆ ਨੂੰ ਪਛਾਣ ਕੇ ਲਿਖਣ ਲਈ ਕਿਹਾ ਜਾਵੇਗਾ ਅਤੇ ਹਰੇਕ ਸਹੀ ਉੱਤਰ ਦਾ 1 ਅੰਕ ਹੋਵੇਗਾ। | 4x1 | 4 |
| ਪ੍ਰਸ਼ਨ 6 | ਇਹ ਪ੍ਰਸ਼ਨ ਕੁੱਲ 20 ਅੰਕਾਂ ਦਾ ਹੋਵੇਗਾ ਅਤੇ ਇਸ ਦੇ ਘੱਟੋ-ਘੱਟ 4 ਉਪ ਭਾਗ (5 ਅੰਕ ਹਰੇਕ) ਹੋਣਗੇ; ਇਹ ਉਪ ਭਾਗ ਪਾਠ-ਪੁਸਤਕ ਵਿੱਚੋਂ ਹੀ ਭਾਸ਼ਾ ਦੀ ਵਰਤੋਂ ਨਾਲ ਸੰਬੰਧਿਤ ਹੋ ਸਕਦੇ ਹਨ, ਜਿਵੇਂ:- ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਸ਼ਬਦਾਂ ਦਾ ਪੰਜਾਬੀ ਤੋਂ ਹਿੰਦੀ | 4x5 | 20 |

| | | | |
|---|---|---|---|
| | ਅਤੇ ਹਿੰਦੀ ਤੋਂ ਪੰਜਾਬੀ ਅਨੁਵਾਦ, ਸ਼ਬਦਾਂ/ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋਂ, ਮਿਲਾਣ ਕਰੋ, ਲਿੰਗ ਬਦਲੋ ਅਤੇ ਵਚਨ ਬਦਲੋ ਆਦਿ। | | |
| ਪ੍ਰਸ਼ਨ 7 | ਵੱਖ-ਵੱਖ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ 'ਤੇ 150 ਤੋਂ 200 ਸ਼ਬਦਾਂ ਦੀ ਲੇਖ ਰਚਨਾ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 10 ਅੰਕ ਹੋਣਗੇ। ਹਰੇਕ ਵਿਸ਼ੇ ਦੇ ਲੇਖ ਲਈ ਨੁਕਤੇ ਵੀ ਦਿੱਤਾ ਜਾਵੇਗਾ। | 10 | 10 |
| ਪ੍ਰਸ਼ਨ 8 | ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ 'ਤੇ ਪੱਤਰ/ਬਿਨੈ-ਪੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 8 ਅੰਕ ਹੋਣਗੇ ਹਰੇਕ ਵਿਸ਼ੇ ਲਈ ਨੁਕਤਿਆਂ ਨੂੰ ਵੀ ਦਿੱਤਾ ਜਾਵੇਗਾ। | 8 | 8 |
| ਪ੍ਰਸ਼ਨ 9 | ਨਾਂਵ/ਪੜਨਾਂਵ/ਕਿਰਿਆ/ਵਿਸ਼ੇਸ਼ਣ ਵਿੱਚੋਂ ਕਿਸੇ ਦੀ ਪਰਿਭਾਸ਼ਾ ਪੁੱਛ ਕੇ 1 ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ। | 4x1 | 4 |
| **ਕੁੱਲ ਅੰਕ** | | **80 ਅੰਕ** | |